Punjab Government Gazette

Published by Authority

No. 36] CHANDIGARH, FRIDAY, SEPTEMBER 5, 2025 (BHADRA 14, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਡਾਇਰੈਕਟੋਰੇਟ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ

ਖੇਤੀ ਭਵਨ, ਪਲਾਟ ਨੰ: 204, ਨੇੜੇ ਦਾਰਾ ਸਟੂਡੀਓ, ਫੇਜ਼-6, ਐਸ.ਏ.ਐਸ. ਨਗਰ (ਮੋਹਾਲੀ)

(ਅਮਲਾ-2 ਸ਼ਾਖਾ)

ਹੁਕਮ

ਮਿਤੀ 21 ਫਰਵਰੀ, 2023

ਮੀਮੋ ਨੰ:4-2895/ਅ 2(4)/2023/881.-ਇਹ ਕਿ ਸ਼੍ਰੀਮਤੀ ਰਸਮੀਨ ਕੌਰ, ਖੇਤੀਬਾੜੀ ਉਪ ਨਿਰੀਖਕ ਦਫਤਰ ਮੁੱਖ ਖੇਤੀਬਾੜੀ ਅਫਸਰ, ਸ਼ਹੀਦ ਭਗਤ ਸਿੰਘ ਨਗਰ ਦੀ ਇਸ ਦਫਤਰ ਦੇ ਪੱਤਰ ਪਿੱਠ ਅੰਕਣ ਨੰ: 4-2895/ਅ2(4)2019/1395-96 ਮਿਤੀ:28-03-2019 ਰਾਹੀਂ ਮਿਤੀ:15-04-2019 ਤੋਂ 08-07-2019 (85 ਦਿਨਾਂ) ਕਮਾਈ ਛੁੱਟੀ (ਐਕਸ ਇੰਡੀਆ ਲੀਵ) ਮੰਨਜੂਰ ਕੀਤੀ ਗਈ ਸੀ, ਕਰਮਚਾਰਣ ਨੇ ਮਿਤੀ: 09-07-2019 ਨੂੰ ਆਪਣੀ ਡਿਊਟੀ ਤੇ ਹਾਜ਼ਰ ਹੋਣਾ ਸੀ। ਇਸ ਸਬੰਧ ਵਿੱਚ ਮੁੱਖ ਖੇਤੀਬਾੜੀ ਅਫਸਰ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪੱਤਰ ਨੰ: 3085 ਮਿਤੀ: 11-07-2019 ਰਾਹੀਂ ਘਰੇਲੂ ਅਤੇ ਵਿਦੇਸ਼ੀ ਪਤੇ ਤੇ ਪੱਤਰ ਭੇਜ ਕੇ ਮਿਤੀ 09.07.2019 ਤੋਂ ਗੈਰ-ਹਾਜ਼ਰ ਰਹਿਣ ਕਾਰਨ ਆਪਣਾ ਸਪੱਸ਼ਟੀਕਰਣ 3 ਦਿਨਾ ਦੇ ਅੰਦਰ-ਅੰਦਰ ਦੇਣ ਲਈ ਲਿਖਿਆ ਗਿਆ ਸੀ। ਇਸ ਉਪਰੰਤ ਮੁੱਖ ਖੇਤੀਬਾੜੀ ਅਫਸਰ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪੱਤਰ ਨੰ: 3590 ਮਿਤੀ: 14-08-2019 ਰਾਹੀਂ ਘਰੇਲੂ ਅਤੇ ਵਿਦੇਸ਼ੀ ਪਤੇ ਤੇ ਪੱਤਰ ਭੇਜ ਕੇ ਮਿਤੀ 09.07.2019 ਤੋਂ 29.07.2019 ਤੱਕ ਆਪਣੀ ਡਿਊਟੀ ਤੋਂ ਲਗਾਤਾਰ ਗੈਰ-ਹਾਜ਼ਰ ਰਹਿਣ ਕਾਰਨ ਆਪਣੀ ਡਿਊਟੀ ਤੇ ਮੁੜ ਹਾਜ਼ਰ ਹੋਣ ਲਈ ਲਿਖਿਆ ਗਿਆ ਸੀ ਅਤੇ 3 ਦਿਨਾ ਦੇ ਅੰਦਰ-ਅੰਦਰ ਆਪਣਾ ਸਪੱਸ਼ਟੀਕਰਣ ਦੇਣ ਲਈ ਕਿਹਾ ਗਿਆ ਸੀ, ਪਰ ਕਰਮਚਾਰਣ ਆਪਣੀ ਡਿਊਟੀ ਤੇ ਹਾਜ਼ਰ ਨਹੀਂ ਹੋਈ। ਇਸ ਲਈ ਕਰਮਚਾਰਣ ਨੂੰ ਮਿਤੀ: 09-07-2019 ਤੋਂ ਲਗਾਤਾਰ ਡਿਊਟੀ ਤੋਂ ਗੈਰ-ਹਜਾਰ ਰਹਿਣ ਕਾਰਨ ਇਸ ਦਫਤਰ ਦੇ ਪੱਤਰ ਨੰ: 4-2895/ਅ2(4)/2019/6025 ਮਿਤੀ: 12-12-2019 ਰਾਹੀਂ ਪੰਜਾਬ ਸਿਵਲ ਸੇਵਾਵਾ (ਦੰਡ ਤੇ ਅਪੀਲ) ਨਿਯਮ 1970 ਦੇ 8 ਅਧੀਨ ਹੇਠ ਲਿਖੇ ਦੋਸ਼ਾ ਤਹਿਤ ਦੋਸ਼ ਸੂਚੀ ਜਾਰੀ ਕੀਤੀ ਗਈ ਸੀ:-

1. ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਦਾ ਦੋਸ਼।
2. ਹੁਕਮ ਅਦੂਲੀ ਦਾ ਦੋਸ਼।
3. ਅਨੁਸ਼ਾਸਨਹੀਣਤਾ ਦਾ ਦੋਸ਼।

ਇਹ ਕਿ ਕਰਮਚਾਰਣ ਨੂੰ ਦੋਸ਼ ਸੂਚੀ ਦੀ ਕਾਪੀ ਮੁੱਖ ਖੇਤੀਬਾੜੀ ਅਫਸਰ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪੱਤਰ ਨੰ: 994 ਮਿਤੀ: 20-02-2020 ਰਾਹੀਂ ਸਰਵ ਕਰਵਾਉਣ ਲਈ ਉਸਦੇ ਵਿਦੇਸ਼ੀ ਪਤੇ ਤੇ ਭੇਜੀ ਗਈ, ਜੋ ਕਿ ਇਸ ਕਥਨ ਨਾਲ Al

mittente per compiuta giacenza ਸਬੰਧਤ ਦਫਤਰ ਨੂੰ ਵਾਪਸ ਪ੍ਰਾਪਤ ਹੋ ਗਈ ਸੀ। ਇਸ ਉਪਰੰਤ ਦਫਤਰ ਦੇ ਅੰ.ਵਿ.ਪੱ.ਨੰ: 4-2498/ਅ2(4)/2020/4664 ਮਿਤੀ:11-09-2020 ਰਾਹੀਂ ਸ਼੍ਰੀ ਗੁਰਜੀਤ ਸਿੰਘ ਬਰਾੜ, ਮੁੱਖ ਇੰਸਪੈਕਟਰ (ਖਾਦ) ਨੂੰ ਕਰਮਚਾਰਣ ਦੀ ਗੈਰ-ਹਾਜ਼ਰੀ ਦੇ ਸਬੰਧ ਵਿੱਚ ਪੜਤਾਲ ਕਰਨ ਲਈ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵੱਲੋ ਆਪਣੇ ਪੱਤਰ ਨੰ: ਸਪੈਸ਼ਲ-1/ਸੀ. ਆਈ. ਐਫ. ਮਿਤੀ:15-03-2021 ਰਾਹੀ ਪੇਸ਼ ਕੀਤੀ ਪੜਤਾਲ ਰਿਪੋਰਟ ਵਿੱਚ ਸਪੱਸ਼ਟ ਕੀਤਾ ਗਿਆ ਕਿ ਕਰਮਚਾਰਣ ਨੂੰ ਵਾਰ-ਵਾਰ ਲਿਖਣ ਦੇ ਬਾਵਜੂਦ ਆਪਣਾ ਪੱਖ ਪੇਸ਼ ਕਰਨ ਲਈ ਹਾਜ਼ਰ ਨਹੀਂ ਹੋਈ। ਇਸ ਲਈ ਸ਼੍ਰੀਮਤੀ ਰਸਮੀਨ ਕੌਰ, ਖੇਤੀਬਾੜੀ ਉਪ ਨਿਰੀਖਕ ਵਿਰੁੱਧ ਲਗਾਏ ਗਏ ਸਾਰੇ ਦੋਸ਼ ਸਿੱਧ ਕੀਤੇ ਹਨ। ਪੜਤਾਲੀਆ ਅਫਸਰ ਵੱਲੋ ਕਰਮਚਾਰਣ ਵਿਰੁੱਧ ਦੋਸ਼ ਸੂਚੀ ਵਿੱਚ ਲਗਾਏ ਗਏ ਦੋਸ਼ਾ ਦੇ ਮੱਦੇਨਜ਼ਰ ਕਰਮਚਾਰਣ ਦਾ ਅਸਤੀਫਾ ਪ੍ਰਵਾਨ ਕਰਨ ਲਈ ਰੂਲਾਂ ਅਨੁਸਾਰ ਅਗਲੇਰੀ ਕਾਰਵਾਈ ਕਰਨ ਦੀ ਸ਼ਿਫਾਰਿਸ ਕੀਤੀ ਗਈ ਸੀ। ਇਸ ਲਈ ਕਰਮਚਾਰੀ ਵਿਰੁੱਧ ਜਾਰੀ ਕੀਤੀ ਚਾਰਜਸ਼ੀਟ ਵਿੱਚ ਲਗਾਏ ਗਏ ਦੋਸ਼ ਨੰ: । ਡਿਊਟੀ ਤੋਂ ਗੈਰਹਾਜ਼ਰ ਰਹਿਣ ਬਾਰੇ, ਦੋਸ਼ ਨੰ: 2 ਹੁਕਮ ਅਦੂਲੀ ਦਾ ਦੋਸ਼ ਅਤੇ ਦੋਸ਼ ਨੰ: 3 ਅਨੁਸ਼ਾਸ਼ਨਹੀਣਤਾ ਦੇ ਲਗਾਏ ਦੋਸ਼ ਸਿੱਧ ਹੁੰਦੇ ਹਨ ਅਤੇ ਸਰਕਾਰੀ ਹਦਾਇਤਾਂ/ਨਿਯਮਾਂ ਦੀ ਉਲੰਘਣਾ ਕਰਨ ਦੀ ਦੋਸ਼ੀ ਠਹਿਰਾਇਆ ਗਿਆ ਹੈ।

ਇਹ ਕਿ ਸ਼੍ਰੀਮਤੀ ਰਸਮੀਨ ਕੌਰ, ਖੇਤੀਬਾੜੀ ਉਪ ਨਿਰੀਖਕ ਜੋ ਕਿ ਮਿਤੀ: 09-07-2019 ਤੋਂ ਲਗਾਤਾਰ ਡਿਊਟੀ ਤੋਂ ਗੈਰ-ਹਾਜ਼ਰ ਚਲ ਰਹੀ ਹੈ, ਜਿਸ ਦੀ ਗੈਰ-ਹਾਜ਼ਰੀ ਸਮਾਂ 3 ਸਾਲ 7 ਮਹੀਨੇ ਤੋਂ ਵੱਧ ਦਾ ਹੋ ਚੁੱਕਾ ਹੈ। ਇਸ ਸਬੰਧ ਵਿੱਚ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸਾਖਾ) ਵੱਲੋਂ ਪੱਤਰ ਨੰ:2/1/2017/-3-ਐਫ.ਪੀ.2/189, ਮਿਤੀ:12-05-2017 ਅਤੇ ਪੱਤਰ ਨੰ:1/504357/2023 ਮਿਤੀ 07.02.2023 ਰਾਹੀਂ ਹਦਾਇਤਾਂ ਜਾਰੀ ਕੀਤੀਆ ਹਨ ਕਿ ਜੇਕਰ ਕੋਈ ਅਧਿਕਾਰੀ/ਕਰਮਚਾਰੀ ਬਿਨ੍ਹਾਂ ਛੁੱਟੀ ਮੰਨਜੂਰ ਕਰਵਾਏ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਰਹਿੰਦਾ ਹੈ ਅਤੇ ਇਹ ਗੈਰ-ਹਾਜ਼ਰੀ ਦਾ ਸਮਾਂ ਚਲਦੇ ਨੂੰ ਇੱਕ ਸਾਲ ਤੋਂ ਵੱਧ ਦਾ ਸਮਾ ਹੋ ਜਾਂਦਾ ਹੈ ਤਾ ਉਸ ਵੱਲੋਂ ਸਰਕਾਰੀ ਸਰਵਿਸ ਤੋਂ ਅਸਤੀਫਾ ਦਿੱਤਾ ਸਮਝਿਆ ਜਾਵੇਗਾ, ਭਾਵ ਉਸ ਵੱਲੋਂ ਸਰਕਾਰੀ ਸਰਵਿਸ ਤੋਂ Deemed Resignation ਮੰਨਿਆ ਜਾਵੇਗਾ।

ਇਸ ਲਈ ਉਕਤ ਤੱਥਾ ਅਤੇ ਸਰਕਾਰੀ ਹਦਾਇਤਾ ਨੂੰ ਮੁੱਖ ਰੱਖਦੇ ਹੋਏ ਪੂਰੀ ਗਹੁ ਨਾਲ ਵਿਚਾਰਕੇ ਮੈਂ, ਗੁਰਵਿੰਦਰ ਸਿੰਘ, ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ, ਐਸ. ਏ. ਐਸ. ਨਗਰ ਸ਼੍ਰੀਮਤੀ ਰਸਮੀਨ ਕੌਰ, ਖੇਤੀਬਾੜੀ ਉਪ ਨਿਰੀਖਕ ਜੋ ਕਿ ਦਫਤਰ ਮੁੱਖ ਖੇਤੀਬਾੜੀ ਅਫਸਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਤੈਨਾਤ ਸੀ, ਕਰਮਚਾਰਣ ਨੂੰ ਮਿਤੀ: 09-07-2019 ਤੋਂ ਲਗਾਤਾਰ ਹੁਣ ਤੱਕ ਆਪਣੀ ਡਿਊਟੀ ਤੋਂ ਬਿਨ੍ਹਾਂ ਆਗਿਆ ਗੈਰ-ਹਾਜ਼ਰ ਰਹਿਣ ਕਾਰਨ ਮਿਤੀ: 09-07-2019 ਤੋਂ ਸਰਕਾਰੀ ਸੇਵਾਵਾ ਤੋਂ ਅਸਤੀਫਾ ਮੰਨਦੇ ਹੋਏ ਉਸ ਦੀਆ ਸੇਵਾਵਾ ਸਮਾਪਤ ਕਰਦਾ ਹਾ।

ਕਰਮਚਾਰੀ ਦਾ ਪੱਕਾ ਪਤਾ ਹੇਠ ਲਿਖੇ ਅਨੁਸਾਰ ਹੈ:-

ਰਜਿ:1. ਸ਼੍ਰੀਮਤੀ ਰਸਮੀਨ ਕੌਰ, ਪਤਨੀ ਸ਼੍ਰੀ ਗੁਰਜੀਤ ਸਿੰਘ,
ਖੇਤੀਬਾੜੀ ਉਪ ਨਿਰੀਖਕ, ਵਾਸੀ ਪਿੰਡ ਬੁਰਜ ਟਹਿਲ ਦਾਸ,
ਡਾਕਖਾਨਾ ਫਾਂਬੜਾ, ਤਹਿ. ਤੇ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ।

2. ਸ਼੍ਰੀ ਗੁਰਜੀਤ ਸਿੰਘ,
Via Monsignor pietro Piacenza 3,
Cap 29017Prov (Pc)
Citta. Florenzuola, Italy

ਗੁਰਵਿੰਦਰ ਸਿੰਘ
ਡਾਇਰੈਕਟਰ ਖੇਤੀਬਾੜੀ ਅਤੇ
ਕਿਸਾਨ ਭਲਾਈ ਵਿਭਾਗ, ਪੰਜਾਬ

ਮਿਤੀ 9 ਫਰਵਰੀ, 2023

3491/9-2025/Pb. Govt. Press, S.A.S. Nagar